ੴ ਸਤਿਗੁਰ ਪ੍ਰਸਾਦਿ

ਟ੍ਰੈਕਟ ਨੰ: 26

# ਗੁਰੂ ਕੌਣ ਤੇ ਕਿਸ ਤਰ੍ਹਾਂ ?

MATA GUJRI LIBRARY
G.T.B. GURDWARA
EAST PARK ROAD
LEICESTER
TEL: (0116) 276 0517

ਪ੍ਰਕਾਸ਼ਕ:
ਗੁਰਮਤਿ ਪ੍ਰਚਾਰ ਸਭਾ
ਪਟਿਆਲਾ

| ਅਗਸਤ-ਸਤੰਬਰ | ਸੰਮਤ ਖਾਲਸਾ | ਛੇਵੀਂ ਵਾਰ ਵਾਧੇ ਸਹਿਤ |
|---|---|---|
| ੧੯੯੭ | ੨੯੯ | ੨੫,੦੦੦ |

ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਉਣ ਦੀ ਸੇਵਾ ਕਰੋ ਜੀ।

# ਸੂਚਨਾ

1. ਹਰ ਗੁਰਸਿੱਖ ਦੇ ਪੜ੍ਹਨ ਯੋਗ ਪੁਸਤਕ 'ਅੰਮ੍ਰਿਤ ਵੇਲਾ' ਦੀ ਦਸਵੀਂ ਐਡੀਸ਼ਨ ਲਿਖਤ ਡਾ: ਤੇਜਿੰਦਰ ਸਿੰਘ 25/- ਰੁ: ਦੀ ਥਾਂ 10/- ਰੁ: ਭੇਜ ਕੇ ਮੰਗਵਾ ਸਕਦੇ ਹੋ।
2. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ-ਨਾਮ' = 5/- ਰੁ:
3. ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਪਾਠ ਕਰਦਿਆਂ ਕਰਦਿਆਂ ਅਰਥ ਸਹਿਜੇ ਹੀ ਨਾਲ-ਨਾਲ ਦੇਖੇ ਜਾ ਸਕਣ = 5/- ਰੁ:
4. ਲੇਖਿਕਾ ਰੂਥ ਮਾਂਟਗੁਮਰੀ ਦੀ ਪੁਸਤਕ A World Beyond ਤੇ ਆਧਾਰਤ ਪੁਸਤਕ 'ਅਬਿਨਾਸ਼ੀ-ਲੀਲਾ' ਦੂਜੀ ਐਡੀਸ਼ਨ = 7/- ਰੁ:
5. ਜਪੁਜੀ, ਰਹਿਰਾਸ, ਸੋਹਿਲਾ ਤੇ ਅਰਦਾਸ ਦਾ ਮੋਟੇ ਅਖਰਾਂ ਵਾਲਾ ਗੁਟਕਾ ਸ਼ੁੱਧ ਉਚਾਰਨ ਸੰਕੇਤਾਂ ਸਹਿਤ = 4/- ਰੁ:

ਉਪ੍ਰੋਕਤ ਲਈ ਭੇਟਾ ਅਤੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ = 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਮਨੀ ਆਰਡਰ ਜਾਂ ਬੈਂਕ ਡਰਾਫ਼ਟ ਸ. ਦੀਦਾਰ ਸਿੰਘ C-129, ਵਿਕਾਸ ਕਾਲੋਨੀ, ਪਟਿਆਲਾ ਨੂੰ ਭੇਜਿਆ ਜਾਏ। ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖ਼ਸ਼ ਕਾਲੋਨੀ, ਗਲੀ ਨੰ : ੬, ਪਟਿਆਲਾ ਵਿਖੇ ਸਵੇਰੇ ੮ ਵਜੇ ਤੋਂ ਸ਼ਾਮ ੫ ਵਜੇ ਤੱਕ ਲੈ ਸਕਦੇ ਹੋ।

ਪ੍ਰਾਰਥਕ

ਪ੍ਰੇਮ ਭੇਟਾ ਵਲੋਂ :-

# ਗੁਰੂ ਕੌਣ ਤੇ ਕਿਸ ਤਰ੍ਹਾਂ ?

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਸਮੇਂ ਕਹੇ ਸ਼ਬਦ "ਬਾਬਾ ਬਕਾਲੇ" ਸੁਣ ਕੇ ਬਕਾਲੇ ਨਗਰ ਵਿਚ ੨੨ ਗੁਰੂ ਬਣ ਬੈਠੇ ਸਨ ਅਤੇ ਹਰ ਇਕ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਿਆ ਸੀ। ਪਰ ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ ਹਨੇਰਾ ਅਲੋਪ ਹੋ ਜਾਂਦਾ ਹੈ ਅਤੇ ਤਾਰੇ ਛਿਪ ਜਾਂਦੇ ਹਨ, ਇਸੇ ਤਰ੍ਹਾਂ ਹੀ ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਗਟ ਹੋਣ ਨਾਲ ਆਪੂੰ ਬਣੇ ਹੋਏ ੨੨ ਗੁਰੂਆਂ ਦੇ ਬੋਰੀਏ ਬਿਸਤਰੇ ਗੋਲ ਹੋਣ ਲਗ ਪਏ ਅਤੇ ਅੰਤ ਕਿਸੇ ਦਾ ਨਾਂ ਨਿਸ਼ਾਨ ਨਹੀਂ ਸੀ ਰਿਹਾ।

ਪਰ ਅੱਜ ਸਾਡੇ ਸਿੱਖ ਸਮਾਜ ਵਿਚ ਅਸਲ ਗੁਰੂ ਜੀ ਦੀ ਮੌਜੂਦਗੀ ਵਿਚ ੨੨ ਦੀ ਥਾਂ ਲਗਭਗ ੨੦੦ ਗੁਰੂ ਬਣੀ ਬੈਠੇ ਹਨ।

ਉਸ ਵੇਲੇ ਇੱਕ ਮੱਖਣ ਸ਼ਾਹ ਨੇ ਸਭ ਪਖੰਡੀ ਗੁਰੂਆਂ ਨੂੰ ਛੱਡ ਕੇ ਗੁਰੂ ਤੇਗ਼ ਬਹਾਦਰ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨੌਵਾਂ ਰੂਪ ਜਾਣਿਆ ਸੀ ਤੇ ਕੋਠੇ ਉਤੇ ਚੜ੍ਹਕੇ "ਗੁਰੂ ਲਾਧੋ ਰੇ, ਗੁਰੂ ਲਾਧੋ ਰੇ" ਦਾ ਹੋਕਾ ਦਿੱਤਾ ਸੀ, ਜਿਸ ਦਾ ਸਦਕਾ ਸਾਰੇ ਸਿੱਖ ਜਗਤ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਸੀ ਤੇ ਫਿਰ ਉਨ੍ਹਾਂ ੨੨ ਪਖੰਡੀਆਂ ਦੇ ਮਗਰ ਕੋਈ ਨਹੀਂ ਸੀ ਲੱਗਾ।

ਪਰ ਅਜ, ਇੱਕ ਨਹੀਂ ਸਗੋਂ ਸੈਂਕੜੇ ਭਾਈ ਮਖਣ ਸ਼ਾਹ ਵਰਗੇ ਗੁਰੂ ਕੇ ਸ਼ਰਧਾਲੂ ਸਿੱਖ, ਉੱਚੀ ਉੱਚੀ ਹੋਕਾ ਦੇ ਕੇ, ਅਸਲ ਗੁਰੂ ਬਾਰੇ ਦੱਸ ਰਹੇ ਹਨ। ਇਤਿਹਾਸ ਵੀ ਦੱਸ ਰਿਹਾ ਹੈ ਪਰ ਸਾਡੇ ਹਜ਼ਾਰਾਂ ਨਹੀਂ ਸਗੋਂ ਲੱਖਾਂ ਲੋਕਾਂ ਦੇ ਕੰਨਾਂ ਤੇ ਜੂੰ ਵੀ ਨਹੀਂ ਸਰਕਦੀ। ਸਾਡੇ ਵਿਚੋਂ ਬਹੁਤ ਸਾਰੇ ਲੋਕ ਮੁੜ ਮੁੜ ਕੱਚੇ ਪਿੱਲੇ ਆਪੂੰ ਬਣੇ ਪਖੰਡੀ ਗੁਰੂਆਂ ਦੇ ਮਗਰ ਲੱਗ ਤੁਰਦੇ ਹਨ ਤੇ ਅਸਲ ਗੁਰੂ ਦੀਆਂ ਦੱਸੀਆਂ ਗੱਲਾਂ ਭੁਲਦੇ ਜਾ ਰਹੇ ਹਨ।

## ਅਸਲ ਗੁਰੂ ਕਿਹੜਾ ਹੈ ?

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਿੱਧਾਂ ਨੇ ਪੁੱਛਿਆ ਸੀ -

*ਕਵਨ ਮੂਲ, ਕਵਣਿ ਮਤਿ ਵੇਲਾ ।*
*ਤੇਰਾ ਕਵਣੁ ਗੁਰੂ, ਜਿਸ ਕਾ ਤੂੰ ਚੇਲਾ ।*

**ਭਾਵ** - ਸਿਖਿਆ ਲੈਣ ਦਾ ਮੂਲ ਕੀ ਹੈ ਅਤੇ ਸਮਾਂ ਕਿਹੜਾ ਹੈ ? ਤੂੰ ਕਿਹੜੇ ਗੁਰੂ ਦਾ ਚੇਲਾ ਹੈਂ ?

ਗੁਰੂ ਜੀ ਨੇ ਉੱਤਰ ਦਿੱਤਾ ਸੀ -

*ਪਵਨ ਅਰੰਭੁ, ਸਤਿਗੁਰ ਮਤਿ ਵੇਲਾ ।*
*ਸਬਦੁ ਗੁਰੂ ਸੁਰਤਿ ਧੁਨਿ ਚੇਲਾ ।*

ਗੁਰੂ ਜੀ ਨੇ ਉੱਤਰ ਦੇਂਦਿਆਂ ਕਿਹਾ ਸੀ ਕਿ ਮਨੁੱਖ ਦੀ ਹੋਂਦ (ਹਸਤੀ) ਦਾ ਮੁਢ ਪਵਨ (ਪ੍ਰਾਣ) ਹੈ ਅਤੇ ਇਹ ਮਨੁੱਖਾ ਜਨਮ ਹੀ ਐਸਾ ਸਮਾਂ ਹੈ ਜਿਸ ਵਿਚ ਸਤਿਗੁਰ ਦੀ ਸਿਖਿਆ ਲਈ ਜਾ ਸਕਦੀ ਹੈ । ਸ਼ਬਦ ਗੁਰੂ ਹੈ ਅਤੇ ਸੁਰਤਿ ਦਾ ਉਸ ਉਤੇ ਟਿਕਾਉ ਹੀ 'ਸ਼ਬਦ ਗੁਰੂ' ਦਾ ਸਿੱਖ (ਚੇਲਾ) ਹੈ ।

ਇਸ ਸ਼ਬਦ ਸੁਰਤਿ ਦੀ ਰੱਖੀ ਹੋਈ ਨੀਂਹ ਨੂੰ ਦਸਾਂ ਪਾਤਸ਼ਾਹੀਆਂ ਨੇ ਸਮੇਂ ਸਮੇਂ ਦ੍ਰਿੜ ਕਰਾਇਆ ਅਤੇ ਦੇਹ (ਸਰੀਰ) ਅਭਿਮਾਨ ਨੂੰ ਉੱਕਾ ਹੀ ਖ਼ਤਮ ਕਰਕੇ ਅੰਤ 'ਸ਼ਬਦ-ਗੁਰੂ' ਨੂੰ ਪ੍ਰਧਾਨਤਾ ਦੇ ਦਿੱਤੀ ਸੀ ।

## ਹਿੰਦੂ ਵੀਰ ਕਹਿੰਦੇ ਹਨ

''ਬੋਲ ਕ੍ਰਿਸ਼ਨ ਭਗਵਾਨ ਕੀ ਜੈ'' ਜਾਂ ''ਬੋਲ ਸੀਤਾ ਪਤੀ ਰਾਮ ਚੰਦਰ ਕੀ ਜੈ'' । ਪਰ ਕਦੇ ਕਿਸੇ ਸਿੱਖ ਨੇ ਇਹ ਨਹੀਂ ਕਿਹਾ, ਬੋਲ ਗੁਰੂ ਨਾਨਕ ਦੇਵ ਜੀ ਕੀ ਜੈ ਜਾਂ ਬੋਲ ਗੁਰੂ ਗੋਬਿੰਦ ਸਿੰਘ ਜੀ ਕੀ ਜੈ ।

## ਇਸ ਦਾ ਕੀ ਕਾਰਨ ਹੈ ?

ਇਸ ਦਾ ਕਾਰਨ ਇਹ ਹੈ ਕਿ ''ਪਾਰਬ੍ਰਹਮ ਗੁਰ ਨਾਹੀ ਭੇਦ'' ਅਤੇ

"ਆਪ ਨਾਰਾਇਣ ਕਲਾਧਾਰਿ ਜਗਿ ਮਹਿ ਪਰਵਰਿਓ" ਅਨੁਸਾਰ ਦਸ ਗੁਰੂ ਸਾਹਿਬਾਨ ਭਾਵੇਂ ਆਪ ਰਬ ਰੂਪ ਹੀ ਸਨ ਪਰ ਉਨ੍ਹਾਂ ਸਾਨੂੰ ਸਿੱਖਾਂ ਨੂੰ ਆਪਣੇ ਲੜ ਨਹੀਂ ਲਾਇਆ, ਸਗੋਂ ਉਸ ਅਕਾਲ ਪੁਰਖ ਦੇ ਲੜ ਲਾਇਆ ਜਿਸ ਨੂੰ ਉਹ ਆਪ, ਆਪਣਾ ਗੁਰੂ ਮੰਨਦੇ ਸਨ।

ਜੇ ਉਨ੍ਹਾਂ ਸਾਨੂੰ ਆਪਣੇ ਲੜ ਲਾਇਆ ਹੁੰਦਾ ਤਾਂ ਅਸੀਂ ਵੀ ਜ਼ਰੂਰ ਕਹਿੰਦੇ ਕਿ ਬੋਲ ਗੁਰੂ ਗੋਬਿੰਦ ਸਿੰਘ ਜੀ ਕੀ ਜੈ। ਮਹਾਰਾਜ ਇਸ ਨੂੰ ਹੋਰ ਸਪਸ਼ਟ ਕਰਦੇ ਹੋਏ ਕਹਿੰਦੇ ਹਨ - *ਖਾਲਸਾ ਅਕਾਲ ਪੁਰਖ ਕੀ ਫੌਜ ॥*

*ਪ੍ਰਗਟਿਓ ਖਾਲਸਾ ਪ੍ਰਮਾਤਮਾ ਕੀ ਮੌਜ ॥*

**ਭਾਵ** - ਖਾਲਸਾ ਅਕਾਲ ਪੁਰਖ (ਪ੍ਰਮਾਤਮਾ) ਦੀ ਫੌਜ ਹੈ ਅਤੇ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਖਾਲਸਾ ਪ੍ਰਗਟ ਹੋਇਆ ਹੈ। ਇਸ ਤੋਂ ਸਪਸ਼ਟ ਹੋਇਆ ਕਿ ਅਸੀਂ ਖਾਲਸਾ ਅਖਵਾਉਣ ਵਾਲੇ ਉਸ ਅਕਾਲ ਪੁਰਖ ਦੇ ਹੀ ਪੁਜਾਰੀ ਹਾਂ ਜਿਸ ਦੇ ਹੁਕਮ ਨਾਲ ਅਸੀਂ ਪ੍ਰਗਟ ਹੋਏ ਹਾਂ।

ਇਸ ਗੱਲ ਨੂੰ ਯਾਦ ਰੱਖਣ ਲਈ ਜਦੋਂ ਵੀ ਅਸੀਂ ਇੱਕ ਦੂਜੇ ਨੂੰ ਮਿਲਦੇ ਹਾਂ ਤਾਂ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ' ਕਹਿ ਕੇ ਦੁਹਰਾਉਂਦੇ ਹਾਂ ਅਤੇ ਪਕਾਉਂਦੇ ਹਾਂ ਕਿ ਅਸੀਂ ਇੱਕ ਅਕਾਲ ਪੁਰਖ (ਵਾਹਿਗੁਰੂ) ਦੇ ਹੀ ਹਾਂ, ਹੋਰ ਕਿਸੇ ਦੇ ਨਹੀਂ।

## ਦੂਜੀ ਗੱਲ

ਗੁਰੂ ਨਾਨਕ ਪਾਤਸ਼ਾਹ ਆਪਣੇ ਗੁਰੂ ਬਾਰੇ ਆਪ ਪੰਨਾ ੭੫੯ ਉਤੇ ਸਪਸ਼ਟ ਕਰ ਗਏ ਹਨ - *ਸਤਿਗੁਰੂ ਮੇਰਾ ਸਦਾ ਸਦਾ, ਨ ਆਵੈ ਨ ਜਾਇ ॥*

*ਉਹ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ ॥*

**ਭਾਵ** - ਮੇਰਾ ਸੱਚਾ ਗੁਰੂ (ਪ੍ਰਮਾਤਮਾ) ਸਦਾ (ਹਮੇਸ਼ਾ) ਰਹਿਣ ਵਾਲਾ ਹੈ। ਉਹ ਜਨਮ ਮਰਨ ਵਿਚ ਨਹੀਂ ਆਉਂਦਾ। ਉਹ ਨਾਸ਼ ਰਹਿਤ ਹੈ। ਭਾਵ - ਕਦੇ ਮਰਦਾ ਜਾਂ ਖਤਮ ਨਹੀਂ ਹੁੰਦਾ ਅਤੇ ਸਾਰਿਆਂ ਵਿਚ ਸਮਾਇਆ ਹੋਇਆ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਕਾਲ ਪੁਰਖ ਦੇ ਹੁਕਮ ਜਾਂ ਉਸਦੀ ਮਰਜ਼ੀ ਆਮ ਮਨੁੱਖ ਤਕ ਕਿਵੇਂ ਪਹੁੰਚ ਸਕਦੀ ਹੈ, ਜਦ ਕਿ ਰਬ ਤਾਂ ਨਿਰਾਕਾਰ ਹੈ। ਉਸ ਦੀ ਕੋਈ ਸ਼ਕਲ-ਸੂਰਤ ਨਹੀਂ, ਕੋਈ ਚਿਹਨ ਚੱਕਰ ਨਹੀਂ। ਫੇਰ ਉਹ ਉਪਦੇਸ਼ ਕਿਸ ਤਰ੍ਹਾਂ ਦੇ ਸਕਦਾ ਹੈ।

ਇਹ ਭੇਦ ਵੀ ਗੁਰੂ ਸਾਹਿਬ ਆਪ ਖੋਲ੍ਹ ਗਏ ਹਨ। ਉਹ ਕਹਿ ਗਏ ਹਨ -

(੧) *ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ।*

(੨) *ਨਾਨਕ ਬੋਲੈ ਤਿਸਕਾ ਬੁਲਾਇਆ।*

(੩) *ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ*

**ਭਾਵ** - ਗੁਰੂ ਨਾਨਕ ਦੇਵ ਜੀ ਉਸ ਪ੍ਰਭੂ ਦੇ ਬੋਲਾਏ ਹੋਏ ਹੀ (ਬਾਣੀ) ਬੋਲ ਰਹੇ ਹਨ।

ਇਹੋ ਜਿਹੀਆਂ ਗੁਰਬਾਣੀ ਦੀਆਂ ਅਨੇਕ ਪੰਗਤੀਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਜੋ ਕੁਝ ਅਕਾਲ ਪੁਰਖ ਨੇ ਗੁਰੂ ਸਾਹਿਬਾਂ ਤੋਂ ਅਖਵਾਇਆ, ਗੁਰੂ ਸਾਹਿਬਾਂ ਨੇ ਉਹੋ ਕੁਝ ਕਿਹਾ (ਅਤੇ ਉਸ ਅਨੁਸਾਰ ਕੀਤਾ)।

(੪) ਜਨਮ ਸਾਖੀ ਵਿਚ ਵੀ ਲਿਖਿਆ ਹੈ ਕਿ ਜਦ ਮਹਾਰਾਜ ਗੁਰੂ ਨਾਨਕ ਦੇਵ ਜੀ ਨੂੰ ਪ੍ਰਮਾਤਮਾ ਵਲੋਂ ਬਾਣੀ ਆਉਂਦੀ ਸੀ ਤਾਂ ਆਪ ਜੀ ਮਰਦਾਨੇ ਨੂੰ ਕਹਿੰਦੇ ਸਨ।

ਮਰਦਾਨਿਆ! ਵਜਾ ਰਬਾਬ!! ਬਾਣੀ ਆਈ ਹੈ!

ਇਸ ਤੋਂ ਸਾਫ ਸਪਸ਼ਟ ਹੋਇਆ ਕਿ ਗੁਰੂ ਸਾਹਿਬਾਨ ਅਕਾਲ ਪੁਰਖ ਸਿਰਜਨਹਾਰ ਵਲੋਂ ਮਿਲਿਆ ਉਪਦੇਸ਼ ਬਾਣੀ ਰਾਹੀਂ ਪ੍ਰਗਟ ਕਰਦੇ ਸਨ ਜਾਂ ਇਉਂ ਕਹੋ, ਅਕਾਲ ਪੁਰਖ ਜੋ ਸਾਡਾ ਮਹਾਨ ਗੁਰੂ ਹੈ, ਉਸ ਦੇ ਉਪਦੇਸ਼ ਗੁਰੂਆਂ ਰਾਹੀਂ ਪ੍ਰਗਟ ਹੋਏ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਇਕੱਠੇ ਕੀਤੇ ਗਏ। ਗੁਰੂ ਅਤੇ

ਉਸਦੇ ਉਪਦੇਸ਼ ਇਕੋ ਗੱਲ ਹੁੰਦੀ ਹੈ। ਇਸੇ ਲਈ ਗੁਰੂ ਉਪਦੇਸ਼ (ਗੁਰਬਾਣੀ) ਸਾਡਾ ਗੁਰੂ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਹੋਰ ਸਪਸ਼ਟ ਕਰਦੇ ਹਨ -

*ਜਿਹਿ ਬਿਧਿ ਗੁਰ ਉਪਦੇਸਿਆ, ਸੋ ਸੁਨ ਰੇ ਭਾਈ।*

## ਪ੍ਰਸਿਧ ਸਿਧਾਂਤ

ਇਹ ਇਕ ਮੰਨਿਆ ਪਰਮੰਨਿਆ ਸਿਧਾਂਤ ਹੈ ਕਿ ਜੋ ਕਿਸੇ ਗੁਰੂ ਦਾ ਇਸ਼ਟ ਹੁੰਦਾ ਹੈ, ਉਹੋ ਇਸ਼ਟ ਉਸ ਗੁਰੂ ਦੇ ਸਿੱਖਾਂ ਦਾ ਹੁੰਦਾ ਹੈ। ਇਸੇ ਆਧਾਰ ਉਤੇ ਪੰਜਵੇਂ ਨਾਨਕ ਜੋ ਉਪਦੇਸ਼ ਸਾਨੂੰ ਸੁਣਾਉਣਾ ਚਾਹੁੰਦੇ ਹਨ ਉਸੇ ਉਪਦੇਸ਼ ਨਾਲ ਉਹ ਆਪ ਆਪਣੇ ਮਨ ਨੂੰ ਵੀ ਸਮਝਾਉਂਦੇ ਹੋਏ ਕਹਿੰਦੇ ਹਨ -

(੧) *ਮਨ ਮੇਰੇ, ਜਪ ਗੋਬਿੰਦ ਕੀ ਬਾਣੀ।*

ਗੁਰੂ ਸਾਹਿਬ ਆਪਣੇ ਬਾਰੇ ਹੋਰ ਕਹਿੰਦੇ ਹਨ -

(੨) *ਮੈਂ ਗੁਰਬਾਣੀ ਆਧਾਰ ਹੈ,*
*ਗੁਰਬਾਣੀ ਲਾਗਿ ਰਹਾਉ ॥ (੭੫੮)*

**ਭਾਵ** - ਮੇਰਾ ਆਸਰਾ ਗੁਰਬਾਣੀ ਹੈ ਅਤੇ ਇਸੇ ਲਈ ਮੈਂ ਚਾਹੁੰਦਾ ਹਾਂ ਕਿ ਮੈਂ ਗੁਰਬਾਣੀ ਨਾਲ ਲਗਾ ਰਵਾਂ ਅਰਥਾਤ ਗੁਰੂ ਸਾਹਿਬ ਆਪ ਗੁਰਬਾਣੀ ਨਾਲ ਜੁੜੇ ਰਹਿਣਾ ਚਾਹੁੰਦੇ ਹਨ।

(੩) *ਜਨੁ ਨਾਨਕੁ ਬੋਲੈ ਗੁਣ ਬਾਣੀ*
*ਗੁਰਬਾਣੀ ਹਰਿਨਾਮਿ ਸਮਾਇਆ ॥ (੪੮੯)*

**ਭਾਵ** - ਦਾਸ ਨਾਨਕ, ਬਾਣੀ ਦੇ ਗੁਣ ਬੋਲਦਾ ਹੈ (ਦਸਦਾ ਹੈ) ਕਿ ਗੁਰਬਾਣੀ ਵਿਚ ਹਰੀ (ਪ੍ਰਭੂ) ਦਾ ਨਾਮ ਸਮਾਇਆ ਹੋਇਆ ਹੈ। ਇਸੇ ਕਰਕੇ ਇਹ - (੧) *ਧੁਰ ਕੀ ਬਾਣੀ ਆਈ,*
*ਤਿਨਿ ਸਗਲੀ ਚਿੰਤ ਮਿਟਾਈ ॥*

(੨) *ਗੁਰ ਕੀ ਬਾਣੀ ਜਿਸੁ ਮਨਿ ਵਸੈ ॥*
*ਦੂਖੁ ਦਰਦੁ ਸਭੁ ਤਾਂ ਕਾ ਨਸੈ ॥ (੧੩੩੯)*

ਗੁਰੂ ਸਾਹਿਬ ਗੁਰਬਾਣੀ ਦੇ ਗੁਣ ਕੇਵਲ ਦਸਦੇ ਹੀ ਨਹੀਂ, ਸਗੋਂ, ਆਪਣਾ ਨਿਜੀ ਤਜਰਬਾ ਦਸਦੇ ਹੋਏ ਕਹਿੰਦੇ ਹਨ-

(੧) *ਗੁਰਬਾਣੀ ਸੁਣਤ ਮੇਰਾ ਮਨ ਦ੍ਰਵਿਆ ॥*

ਦ੍ਰਵਿਆ ਦਾ ਅਰਥ ਹੈ- ਪਤੀਜ ਗਿਆ ਜਾਂ ਸੰਤੁਸ਼ਟ ਹੋ ਗਿਆ।

ਅਤੇ *ਸਤਿਗੁਰ ਬਚਨਿ ਮੇਰੋ ਮਨੁ ਮਾਨਿਆ*
*ਹਰਿ ਪਾਏ ਪ੍ਰਾਨ ਅਧਾਰਾ ॥ (੧੧੮੯)*

ਜਿਹੜੇ ਸਤਿਗੁਰ ਦੇ ਬਚਨਾਂ ਨਾਲ ਗੁਰੂ ਸਾਹਿਬਾਂ ਦਾ ਆਪਣਾ ਮਨ ਪਤੀਜ ਗਿਆ ਉਹ ਸਤਿਗੁਰ ਅਕਾਲ ਪੁਰਖ ਵਾਹਿਗੁਰੂ ਹੈ। ਸੋ ਸਿਧ ਹੋਇਆ ਕਿ ਸੱਚਾ ਗੁਰੂ ਅਕਾਲ-ਪੁਰਖ ਹੈ ਅਤੇ ਉਸ ਦੇ ਬਚਨ ਉਸ ਦਾ ਰੂਪ ਹੀ ਹਨ। ਇਨ੍ਹਾਂ ਦੋਹਾਂ ਵਿਚ ਕੋਈ ਫਰਕ ਨਹੀਂ। ਇਸ ਕਰਕੇ ਲਿਖਿਆ ਹੋਇਆ ਹੈ-

(੧) *ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨ ਕੋਇ ॥ (੫੧੫)*

(੨) *ਸਤਿਗੁਰ ਬਚਨ, ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ ॥ (੧੩੧੦)*

ਸਤਿਗੁਰ ਅਤੇ ਉਸ ਦੇ ਬਚਨਾਂ ਵਿਚ ਕੋਈ ਭੇਦ ਨਹੀਂ; ਫ਼ਰਕ ਨਹੀਂ। ਇਸ ਤਰ੍ਹਾਂ ਇਹ ਬਚਨ (ਗੁਰਬਾਣੀ) ਹੀ ਮੁਕਤੀ ਦਾ ਰਸਤਾ ਜਣਾਉਂਦੇ ਹਨ। ਇਸ ਲਈ ਇਹ ਗੁਰਬਾਣੀ ਸਾਡਾ ਗੁਰੂ ਹੈ।

## ਗੱਲ ਬੜੀ ਲੰਮੀ ਹੈ

ਪਰ ਸੰਖੇਪ ਇਸ ਤਰ੍ਹਾਂ ਹੈ ਕਿ ਤੀਜੇ ਗੁਰੂ ਜੀ ਨੇ ਹੁਕਮ ਦਿੱਤਾ ਕਿ ਜੋ ਵੀ ਸਾਡੇ ਦਰਸ਼ਨ ਕਰਨਾ ਚਾਹੁੰਦਾ ਹੈ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ

ਛਕੇ । ਇਸ ਤਰ੍ਹਾਂ ਦੇਹ ਦਾ (ਵਡੇ ਛੋਟੇ ਅਤੇ ਜਾਤ ਪਾਤ ਦਾ) ਅਭਿਮਾਨ ਘਟਾਇਆ । ਗੁਰੂ ਜੀ ਆਪ ਵੀ ਪੰਗਤ ਵਿਚ ਬਹਿਕੇ ਪ੍ਰਸਾਦਿ ਛਕਦੇ ਸਨ ।

ਚੌਥੇ ਗੁਰੂ ਜੀ ਨੇ ਸਰੋਵਰ ਅਤੇ ਪੰਜਵੇਂ ਗੁਰੂ ਜੀ ਨੇ ਹਰਿਮੰਦਰ ਸਾਹਿਬ ਬਣਾ ਕੇ ਸਭ ਜਾਤਾਂ ਅਤੇ ਧਰਮਾਂ ਦੇ ਲੋਕਾਂ ਨੂੰ ਇਕੋ ਥਾਂ ਇਸ਼ਨਾਨ ਕਰਨ ਅਤੇ ਅੰਦਰ ਆਉਣ ਦੀ ਖੁਲ੍ਹ ਦੇ ਕੇ ਇਕ ਥਾਂ ਬੈਠਕੇ ਕੀਰਤਨ ਕਰਨ ਅਤੇ ਸੁਣਨ ਦੀ ਆਜ਼ਾਦੀ ਦਿੱਤੀ ਅਤੇ ਨਾਲ ਹੀ (ਗੁਰੂ) ਗ੍ਰੰਥ ਸਾਹਿਬ ਵਿਚ ਜਾਤ-ਪਾਤ ਦੇ ਲਿਹਾਜ ਤੋਂ ਬਗੈਰ ਭਗਤਾਂ ਦੀ ਬਾਣੀ ਆਪਣੇ ਗੁਰੂਆਂ ਦੀ ਬਾਣੀ ਦੇ ਨਾਲ ਚੜ੍ਹਾਕੇ ਇਹ ਸਿਖਿਆ ਪੱਕੀ ਕਰਾਈ ਕਿ ਸਭ ਸਰੀਰਾਂ ਵਿਚ ਇਕੋ ਸ਼ਬਦ ਹੀ ਵਰਤਦਾ ਹੈ ।

ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਦ ਹਰਿਮੰਦਰ ਸਾਹਿਬ ਵਿਚ ਅਸਥਾਪਨ ਕੀਤਾ ਤਾਂ ਗੁਰੂ ਜੀ ਨੇ ਆਪਣੇ ਆਪ ਨਾਲੋਂ (ਉਚੇ ਪਲੰਘ) ਉਤੇ ਅਸਥਾਪਨ ਕੀਤਾ ਅਤੇ ਆਪ ਥੱਲੇ ਬੈਠਦੇ ਰਹੇ । ਤਖਤ ਉਤੇ ਬੈਠਣਾ ਛਡ ਦਿਤਾ ਅਤੇ ਸ਼ਬਦ ਦੇ ਵਿਸਥਾਰ (ਭੰਡਾਰ) (ਗੁਰੂ) ਗ੍ਰੰਥ ਸਾਹਿਬ ਨੂੰ ਚੌਰ ਕਰਦੇ ਰਹੇ ।

ਰਾਤ ਨੂੰ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਨੂੰ ਗੁਰੂ ਅਰਜਨ ਦੇਵ ਜੀ ਦੇ ਸੌਣ ਵਾਲੇ ਕਮਰੇ ਵਿਚ (ਜਿਸ ਦਾ ਨਾਂ ਕੋਠਾ ਸਾਹਿਬ ਹੈ) ਪਲੰਘ ਉਤੇ ਸੁਖਆਸਨ (ਬਿਰਾਜਮਾਨੁ) ਕੀਤਾ ਜਾਂਦਾ ਅਤੇ ਗੁਰੂ ਅਰਜਨ ਦੇਵ ਜੀ ਥੱਲੇ ਜ਼ਮੀਨ ਤੇ ਲੇਟਦੇ ਰਹੇ ।

ਇਹ ਸੀ ਅਦਬ (ਸਤਿਕਾਰ) ਸ਼ਬਦ ਰੂਪ (ਗੁਰੂ) ਗ੍ਰੰਥ ਸਾਹਿਬ ਦਾ ਜੋ ਸਰੀਰ ਵਾਲੇ ਗੁਰੂ ਜੀ ਨੇ ਕੀਤਾ । ਉਸ ਮਗਰੋਂ ਛੇਵੀਂ, ਸਤਵੀਂ, ਅਠਵੀਂ ਅਤੇ ਨੌਵੀ ਪਾਤਸ਼ਾਹੀ ਨੇ ਵੀ ਹੌਲੀ ਹੌਲੀ ਆਪਣੇ ਸਰੀਰ ਗੁਰੂ ਨੂੰ (ਸੰਕੋਚਣ ਅਤੇ ਸ਼ਬਦ ਗੁਰੂ ਨੂੰ) ਹੋਰ ਉਜਾਗਰ ਕਰਨ ਦਾ ਤਰੀਕਾ ਜਾਰੀ ਰਖਿਆ ।

ਇਸ ਤਰ੍ਹਾਂ ਦਸਵੇਂ ਗੁਰੂ ਜੀ ਦੇ ਵੇਲੇ ਤਕ ਸਿੱਖਾਂ ਵਿਚ ਸ਼ਬਦ ਗੁਰੂ ਦਾ ਸਤਿਕਾਰ (ਸਰੀਰਕ ਗੁਰੂ ਨਾਲੋਂ ਵਧ) ਪੱਕਾ ਹੋ ਚੁਕਾ ਸੀ ।

## ਉਦਾਹਰਣ

ਇਤਿਹਾਸ ਵਿਚ ਲਿਖਿਆ ਹੈ ਕਿ ਜਦ ਸ੍ਰੀ ਦਸ਼ਮੇਸ਼ ਜੀ ਨੇ ਖਾਲਸੇ ਨੂੰ ਪਰਖਣ ਲਈ (ਕਿ ਉਹ ਸ਼ਬਦ ਦਾ ਸਤਿਕਾਰ ਕਿੰਨਾ ਕੁ ਕਰਦਾ ਹੈ) ਦਾਦੂ ਦੀ ਕਬਰ ਨੂੰ ਤੀਰ ਨਾਲ ਸਲਾਮ ਕੀਤਾ ਤਾਂ ਉਸ ਵੇਲੇ ਖਾਲਸਾ ਪੂਰਾ ਉਤਰਿਆ। ਖਾਲਸੇ ਨੇ ਸਤਿਕਾਰ ਨਾਲ ਮਹਾਰਾਜ ਨੂੰ ਉਹਨਾਂ ਦਾ ਆਪਣਾ ਕਿਹਾ ਹੋਇਆ ਬਚਨ (ਸ਼ਬਦ) ਕਿ ਖਾਲਸਾ "ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੇ" ਦੁਹਰਾਇਆ। ਅੰਤ ਖਾਲਸੇ ਦੇ ਸਮੁੱਚੇ ਫੈਸਲੇ ਉਤੇ ਫੁਲ ਚੜ੍ਹਾਏ ਗਏ ਅਤੇ ਇਸ ਤਰ੍ਹਾਂ ਸਰੀਰ ਵਾਲੇ ਗੁਰੂ ਨੇ ਸ਼ਬਦ ਦੇ ਸਤਿਕਾਰ ਅੱਗੇ ਸਿਰ ਝੁਕਾਇਆ।

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਚਲਾਇਆ ਹੋਇਆ ਮਿਸ਼ਨ ੨੪੦ ਸਾਲ ਪੂਰੇ ਹੋਣ ਤੇ ਸੰਮਤ ੧੭੬੫ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰਕ ਗੁਰੂ ਨੂੰ ਪੂਰੀ ਤਰ੍ਹਾਂ ਸੰਕੋਚ ਲਿਆ। ਭਾਵ, ਸਰੀਰ (ਦੇਹਧਾਰੀ) ਗੁਰੂ ਦਾ ਸਿਲਸਿਲਾ ਬੰਦ ਕਰ ਦਿੱਤਾ। ਜੋਤ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਵਿਚ ਕਹਿਆ ਅਤੇ ਜੁਗਤ, ਪੰਥ ਦੇ ਹਵਾਲੇ ਕਰ ਦਿੱਤੀ। ਸ਼ਬਦ ਦੇ ਵਿਸਥਾਰ ਰੂਪ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਂਦੇ ਹੋਏ, ਗੁਰੂ ਜੀ ਨੇ ਉਸ ਸਮੇਂ ਜੋ ਕਿਹਾ ਉਹ ਉਸ ਵੇਲੇ ਮੌਕੇ ਉਤੇ ਹਾਜਰ ਭਟ, ਨਰਬੁਦ ਸਿੰਘ, ਪੁੱਤਰ ਭਾਈ ਕੇਸੋ ਸਿੰਘ ਦੀ ਲਿਖੀ ਵਹੀ ਵਿਚ ਇਸ ਤਰ੍ਹਾਂ ਦਰਜ ਹੈ-

'ਗੁਰੂ ਗੋਬਿੰਦ ਸਿੰਘ ਮਹਲ ਦਸਮੇਂ ਦਾ ਸੰਮਤ ਸਤਾਰਾ ਸੌ ਪੈਂਠ ਕਾਰਤਕ ਮਾਂਹ ਦੀ ਚਉਥ, ਸ਼ੁਕਲ ਪਖ, ਬੁਧਵਾਰ ਕੇ ਦਿਨ ਦਯਾ ਸਿੰਘ ਕੋ ਬਚਨ ਹੂਆ ਗਰੰਥ ਸਾਹਿਬ ਲੈ ਆਓ। ਗੁਰੂ ਜੀ ਨੇ ਮੱਥਾ ਟੇਕਾ। ਸਰਬਤ ਸੰਗਤ ਕੋ ਕਹਾ ਕਿ" ਮੇਰਾ ਹੁਕਮ ਹੈ ਮੇਰੀ ਜਗ੍ਹਾ ਗਰੰਥ ਸਾਹਿਬ ਕੋ ਜਾਨਨਾ। ਜੋ ਸਿਖ ਜਾਨੇਗਾ ਤਿਸ ਕੀ ਘਾਲ ਥਾਇ ਪਏਗੀ।'

## ਦੂਜੀ ਗਵਾਹੀ

ਇਸ ਘਟਨਾ ਬਾਰੇ ਜੋ ਕਥਾ ਭਾਈ ਮਨੀ ਸਿੰਘ ਜੀ ਨੇ ਭਗਤ ਸਿੰਘ ਆਦਿ ਸਰੋਤਿਆਂ ਨੂੰ ਸੁਣਾਈ ਸੀ ਉਸ ਨੂੰ ਭਾਈ ਸੋਹਣ ਸਿੰਘ ਜੀ ਨੇ ਗੁਰ ਬਿਲਾਸ ਗਰੰਥ ਵਿਚ ਲਿਖਿਆ ਹੈ-

ਗੁਰੂ ਗਰੰਥ ਕਲਜੁਗ ਭਯੋ, ਸ੍ਰੀ ਗੁਰੂ ਰੂਪ ਮਹਾਨ ।<br>
ਦਸ ਪਾਤਸ਼ਾਹੀਆਂ ਰੂਪ ਇਹ, ਗੁਰੂ ਗਰੰਥ ਜੀ ਜਾਨ ।<br>
ਗੁਰ ਦਰਸ ਜਿਹ ਦੇਖਣਾ, ਸ੍ਰੀ ਗੁਰੂ ਗਰੰਥ ਦਰਸਾਇ ।<br>
ਬਾਤ ਕਰਨ ਗੁਰ ਸਿਉ ਚਹੈ, ਪੜੈ ਗਰੰਥ ਮਨ ਲਾਇ ।

ਭਾਈ ਕੋਇਰ ਸਿੰਘ ਜੀ ਲਿਖਦੇ ਹਨ ਜਦ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਗੁਰਗੱਦੀ ਬਖਸ਼ੀ ਤਾਂ ਉਸ ਸਮੇਂ ਇਹ ਹੁਕਮ ਆਇਆ-

**ਮਾਰੂ ਮਹਲਾ ੫ ॥**

*ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ॥ ਕੀਰਤਨੁ ਹਰਿ ਹਰਿ ਗਾਈ ॥*<br>
*ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥*<br>
*ਅਬ ਮੋਹਿ ਜੀਵਨ ਪਦਵੀ ਪਾਈ*<br>
*ਚੀਤਿ ਆਇਓ ਮਨਿ ਪੁਰਖੁ ਬਿਧਾਤਾ*<br>
*ਸੰਤਨ ਕੀ ਸਰਣਾਈ ।੧। ਰਹਾਉ ॥......*

ਇਹ ਹੈ ਸਾਡੇ ਸ਼ਬਦ ਰੂਪ, ਗੁਰਦੇਵ ਜੀ ਦੀ ਮਹਾਨਤਾ ਅਤੇ ਗੱਦੀ ਮਿਲਣ ਦੀ ਸੰਖਿਪ ਜਿਹੀ ਵਾਰਤਾ । ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਸਾਫ ਲਿਖਿਆ ਹੋਇਆ ਹੈ -

*ਸਬਦੁ ਗੁਰ ਪੀਰਾ, ਗਹਿਰ ਗੰਭੀਰਾ*<br>
*ਬਿਨੁ ਸਬਦੈ ਜਗ ਬਉਰਾਨੰ ।*

ਅਤੇ ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚ ਬਾਣੀ ਅੰਮ੍ਰਿਤ ਸਾਰੇ ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ ॥

ਇਸ ਅਨੁਸਾਰ ਅਤੇ ਗੁਰੂ ਸਾਹਿਬ ਦੇ ਵੇਲੇ ਤੋਂ ਚਲੀਆਂ ਆਈਆਂ ਸੀਨਾ-ਬ- ਸੀਨਾ ਗੱਲਾਂ ਉਤੇ ਭਰੋਸਾ ਰਖਦੇ ਹੋਇ ਅਸੀ ਰੋਜ ਪੜ੍ਹਦੇ ਹਾਂ ਕਿ ਗੁਰੂ ਜੀ ਨੇ ਕਿਹਾ ਸੀ-

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗਰੰਥ ।
ਗੁਰੂ ਗਰੰਥ ਜੀ ਮਾਨਿਓ ਪਰਗਟ ਗੁਰਾ ਕੀ ਦੇਹਿ ।
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇਇ ।

ਅੰਤ ਸਮੇਂ ਗੁਰੂ ਮਹਾਰਾਜ ਜੀ ਨੇ ਖਾਲਸੇ ਨੂੰ ਇਹ ਵੀ ਕਿਹਾ ਸੀ-

੧) ਪੂਜਾ ਅਕਾਲ ਕੀ ।
੨) ਪਰਚਾ ਸ਼ਬਦ ਦਾ ।
੩) ਦੀਦਾਰ ਖਾਲਸੇ ਦਾ ਕਰਨਾ ਹੈ ।

ਸਿਆਣੇ ਇਸ ਤਰ੍ਹਾਂ ਵੀ ਸਮਝਾਉਂਦੇ ਹਨ-

ਸ਼ਬਦ ਦਾ ਮਤਲਬ ਹੈ ਆਵਾਜ ਜਾਂ ਸੁਰ । ਆਵਾਜ਼ ਤੋਂ ਹੀ ਸਾਨੂੰ ਸਮਝ ਪੈਂਦੀ ਹੈਂ ਜਾਂ ਗਿਆਨ ਪ੍ਰਾਪਤ ਹੁੰਦਾ ਹੈ, ਜਿਵੇਂ-

ਅਸੀਂ ਬੰਦ ਕਮਰੇ ਵਿਚ ਬੈਠੇ ਹੁੰਦੇ ਹਾਂ। ਬਾਹਰ ਜ਼ੋਰ ਨਾਲ ਮੀਂਹ ਪੈਣ ਦੀ ਆਵਾਜ ਜਦ ਸਾਡੇ ਕੰਨ ਸੁਣਦੇ ਹਨ, ਅਸੀਂ ਝਟ ਕਹਿ ਉਠਦੇ ਹਾਂ ਕਿ ਬਾਹਰ ਮੀਂਹ ਪੈ ਰਿਹਾ ਹੈ । ਹਾਲਾਂ ਕਿ ਅਸੀਂ ਮੀਂਹ ਪੈਂਦਾ ਵੇਖਿਆ ਨਹੀਂ ਹੁੰਦਾ। ਕੇਵਲ ਮੀਂਹ ਪੈਣ ਦੀ ਆਵਾਜ (ਸ਼ਬਦ) ਸੁਣ ਕੇ ਸਮਝ ਜਾਂਦੇ ਹਾਂ ਤੇ ਹੁੰਦਾ ਵੀ ਠੀਕ ਹੈ ।

## ਦੂਜੀ ਉਦਾਹਰਣ

ਅਸੀਂ ਸ਼ਹਿਰ ਦੇ ਬਾਹਰ ਵਾਰ ਜਾ ਰਹੇ ਹੁੰਦੇ ਹਾਂ। ਸਾਹਮਣੇ ਉਚੇ ਟਿੱਬੇ ਵਾਲੇ ਪਾਸਿਓਂ ਵਗਦੇ ਪਾਣੀ ਦੀ ਜ਼ੋਰਦਾਰ ਆਵਾਜ ਸੁਣ ਕੇ ਅਸੀਂ ਕਹਿ ਦਿੰਦੇ ਹਾਂ ਕਿ ਸਾਹਮਣੇ ਟਿੱਬੇ ਦੇ ਪਿੱਛੇ ਦਰਿਆ ਵੱਗ ਰਿਹਾ ਹੈ। ਦਰਿਆ ਵਗਦਾ ਸਾਨੂੰ ਦਿਸਦਾ ਨਹੀਂ ਹੁੰਦਾ। ਕੇਵਲ ਚਲਦੇ ਪਾਣੀ ਦੀ ਆਵਾਜ ਤੋਂ ਹੀ ਸਾਨੂੰ ਗਿਆਨ ਹੁੰਦਾ ਹੈ ਕਿ ਦਰਿਆ ਹੈ ਜਾਂ ਨਦੀ।

ਜਿਸ ਤਰ੍ਹਾਂ ਮੀਂਹ ਪੈਣ, ਦਰਿਆ ਦੇ ਚਲਣ ਦੀ ਆਵਾਜ ਸੁਣ ਕੇ ਮੀਂਹ ਪੈਣ ਜਾਂ ਦਰਿਆ ਦਾ ਪਤਾ ਲਗਦਾ ਹੈ ਇਸ ਤਰ੍ਹਾਂ ਸੰਸਾਰ ਦੀਆਂ ਹੋਰ ਬਹੁਤ ਸਾਰੀਆਂ ਵਸਤਾਂ ਦਾ ਗਿਆਨ ਸਾਨੂੰ ਆਵਾਜ (ਸ਼ਬਦ) ਤੋਂ ਹੀ ਹੁੰਦਾ ਹੈ।

## ਸ਼ਬਦ ਅਤੇ ਗੁਰ ਸ਼ਬਦ

ਜਿਸ ਤਰ੍ਹਾਂ ਸੰਸਾਰ ਦਾ ਗਿਆਨ ਸ਼ਬਦ ਤੋਂ ਹੁੰਦਾ ਹੈ ਉਸੇ ਤਰ੍ਹਾਂ ਪ੍ਰਭੂ ਬਾਰੇ ਗਿਆਨ ਗੁਰੂ ਦੇ ਸ਼ਬਦ ਦੁਆਰਾ ਹੁੰਦਾ ਹੈ। ਇਸੇ ਲਈ ਗੁਰੂ ਸ਼ਬਦ ਦੇ ਸੰਗ੍ਰਹਿ ਨੂੰ (ਗੁਰੂ ਗਰੰਥ ਸਾਹਿਬ ਨੂੰ) ਅਸੀਂ ਗੁਰੂ ਕਹਿੰਦੇ ਹਾਂ- ਗੁਰੂ ਮੰਨਦੇ ਹਾਂ।

## ਸ਼ਬਦ, ਬਾਣੀ ਬੋਲਦੀ ਹੈ

ਜੋ ਇਹ ਕਹਿੰਦੇ ਹਨ ਕਿ ਬਾਣੀ ਆਪ ਤਾਂ ਬੋਲਦੀ ਨਹੀਂ ਜਾਂ ਗਰੰਥ ਜੀ ਬੋਲਦੇ ਨਹੀਂ। ਉਹ ਗਲਤ ਕਹਿੰਦੇ ਹਨ।

## ਗੱਲ ਇਸ ਤਰ੍ਹਾਂ ਹੈ

ਇਕ ਚੁਰਸਤੇ ਵਿਚਕਾਰ ਲੋਹੇ ਦਾ ਖੰਭਾ ਗਡਿਆ ਹੋਇਆ ਹੈ। ਉਸ ਖੰਭੇ ਉਤੇ ਚਾਰ ਲੋਹੇ ਦੇ ਹੱਥ, ਚੌਹਾਂ ਸੜਕਾਂ ਦੀਆਂ ਦਿਸ਼ਾਵਾਂ ਵਲ ਫਿਟ ਕੀਤੇ (ਲਗਾਏ ਗਏ) ਹਨ। ਉਸ ਲੋਹੇ ਦੇ ਇਕ ਹੱਥ ਉਪਰ ਚੰਡੀਗੜ੍ਹ ਦੂਜੇ ਉਪਰ ਰੋਪੜ ਤੀਜੇ ਉਪਰ ਅਨੰਦਪੁਰ ਸਾਹਿਬ ਅਤੇ ਚੌਥੇ ਉਪਰ ਜਲੰਧਰ ਲਿਖਿਆ ਹੋਇਆ ਹੈ।

ਇਨ੍ਹਾਂ ਰਸਤਿਆਂ ਤੋਂ ਅਣਜਾਣ ਇਕ ਓਪਰਾ ਆਦਮੀ ਚੰਡੀਗੜ੍ਹ ਜਾਣਾ ਚਾਹੁੰਦਾ ਹੈ। ਉਹ ਓਪਰਾ ਆਦਮੀ ਉਸ ਸੜਕ ਉਤੇ ਤੁਰ ਪੈਂਦਾ ਹੈ ਜਿਸ ਸੜਕ ਵਲ ਇਸ਼ਾਰਾ ਕਰਨ ਵਾਲੇ ਫੱਟੇ (ਹੱਥ ਉਪਰ) ਚੰਡੀਗੜ੍ਹ ਲਿਖਿਆ ਹੋਇਆ ਹੈ। ਇਸ ਤਰ੍ਹਾਂ ਉਹ ਚੰਡੀਗੜ੍ਹ ਪਹੁੰਚ ਜਾਂਦਾ ਹੈ। ਪਰ ਦੱਸੋ ਕਿ ਉਸ ਖੰਭੇ ਉਤੇ ਲਗੇ ਹੱਥ ਨੇ ਬੋਲ ਕੇ ਰਸਤਾ ਦਸਿਆ ਕਿ ਚੰਡੀਗੜ੍ਹ ਇਸ ਪਾਸੇ ਹੈ ?

ਨਹੀਂ, ਇਸ ਤਰ੍ਹਾਂ ਨਹੀਂ ਹੋਇਆ।

ਦਰ ਅਸਲ ਜਿਸ ਤਰ੍ਹਾਂ ਕੰਨ ਸੁਣ ਕੇ ਸਾਡੇ ਦਿਮਾਗ ਨੂੰ ਜਾਣਕਾਰੀ ਦੇਂਦੇ ਹਨ ਉਸੇ ਤਰ੍ਹਾਂ ਅੱਖਾਂ ਵੇਖ ਕੇ ਦਿਮਾਗ਼ ਨੂੰ ਵਾਕਫੀ ਦਿੰਦੀਆਂ ਹਨ। ਅਗੇ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਬਾਰੇ ਦਿਮਾਗ ਸੋਚਦਾ ਹੈ ਅਤੇ ਸਰੀਰ ਨੂੰ ਕੰਮ ਕਰਨ ਲਈ ਪ੍ਰੇਰਨਾ ਦਿੰਦਾ ਹੈ।

ਸੋ ਜਿਸ ਤਰ੍ਹਾਂ ਬੋਰਡ ਤੋਂ ਚੰਡੀਗੜ੍ਹ ਜਾਣ ਦਾ ਰਸਤਾ ਵੇਖ ਕੇ ਰਾਹੀ ਉਸ ਪਾਸੇ ਤੁਰ ਕੇ ਚੰਡੀਗੜ੍ਹ ਪੁਜ ਜਾਂਦਾ ਹੈ ਇਸੇ ਤਰ੍ਹਾਂ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਮਨੁੱਖ ਜਿਥੇ ਪੂਰਨ ਮਨੁੱਖ ਬਣ ਸਕਦਾ ਹੈ ਉਥੇ ਨਿਸਚਿਤ ਠਿਕਾਣੇ ਉਤੇ ਵੀ ਪੁਜ ਜਾਂਦਾ ਹੈ।

## *ਪਰ ਜੋ ਅਨਪੜ੍ਹ ਹੈ।*

ਕਈ ਕਹਿੰਦੇ ਹਨ ਅਨਪੜ੍ਹ ਲੋਕ ਤਾਂ ਬਾਣੀ ਪੜ੍ਹ ਹੀ ਨਹੀਂ ਸਕਦੇ। ਇਸ ਲਈ ਉਨ੍ਹਾਂ ਨੂੰ ਬਾਣੀ ਸਮਝਾਉਣ ਵਾਲਾ ਦੇਹਧਾਰੀ ਗੁਰੂ ਧਾਰਨ ਕਰਨਾ ਜਰੂਰੀ ਹੈ। ਅਸੀਂ ਕਹਿੰਦੇ ਹਾਂ ਕਿ ਜੇ ਅਨਪੜ ਆਦਮੀ ਬੋਲਾ (ਡੋਰਾ) ਹੋਵੇ ਤਾਂ ਉਹ ਦੇਹ ਧਾਰੀ ਗੁਰੂ ਦਾ ਗਿਆਨ ਕਿਸ ਤਰ੍ਹਾਂ ਸੁਣੇਗਾ ?

## *ਕਈ ਕਹਿੰਦੇ ਹਨ*

ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਗਿਆਨ ਦਾ ਭੰਡਾਰ ਹੈ ਪਰ ਇਸ ਗਿਆਨ ਨੂੰ ਸਮਝਾਉਣ ਵਾਲਾ ਭਾਵ ਅਰਥ ਦਸਣ ਵਾਲਾ ਦੇਹਧਾਰੀ ਗੁਰੂ ਦਾ ਹੋਣਾ ਅਤਿ ਜਰੂਰੀ ਹੈ।

ਬੇਨਤੀ ਹੈ ਕਿ ਜਿਵੇਂ ਪ੍ਰਦੇਸ ਗਏ ਪਤੀ ਦੀ ਚਿਠੀ ਸੁਣਾਉਣ ਵਾਲਾ ਉਸ ਅਨਪੜ੍ਹ ਇਸਤਰੀ ਦਾ ਪਤੀ ਨਈਂ ਬਣ ਸਕਦਾ ਅਤੇ ਜਿਸ ਤਰ੍ਹਾਂ ਸਕੂਲਾਂ-ਕਾਲਜਾਂ- ਯੂਨੀਵਰਸਿਟੀਆਂ ਵਿਚ ਬੜੇ ਬੜੇ ਵਿਦਵਾਨ ਖੋਜੀਆਂ ਦੀਆਂ ਕਢੀਆਂ ਖੋਜਾਂ ਨੂੰ ਪੜ੍ਹਾਉਣ ਸਮਝਾਉਣ ਵਾਲੇ ਅਧਿਆਪਕ ਪ੍ਰੋਫੈਸਰ ਉਨ੍ਹਾਂ ਵਿਦਵਾਨ ਖੋਜੀਆਂ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਦੇ ਉਸੇ ਤਰ੍ਹਾਂ ਗਿਆਨ ਦੇ ਭੰਡਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ-ਭਾਵ ਸਮਝਾਉਣ ਵਾਲੇ ਗੁਰਸਿਖ, ਗੁਰਮੁਖ, ਗਿਆਨੀ ਸੰਤ- ਭਗਤ ਆਦਰ ਸਤਿਕਾਰ ਯੋਗ ਤਾਂ ਹੋ ਸਕਦੇ ਸਨ ਪਰ ਉਹ ਗੁਰੂ ਨਹੀਂ ਹੋ ਸਕਦੇ।

## ਇੱਕ ਵਾਰ

ਇੱਕ ਵਾਰ ਇੱਕ ਦੇਹਧਾਰੀ ਗੁਰੂ ਨੂੰ ਮੰਨਣ ਵਾਲੇ ਦੀ ਇਕ ਸੋਝੀ ਵਾਲੇ ਗੁਰਸਿੱਖ ਨਾਲ ਇਸ ਵਿਸ਼ੇ ਤੇ ਵੀਚਾਰ ਵਟਾਂਦਰਾ ਕਰਦਿਆਂ ਜਦ ਗੁਰਸਿਖ ਨੇ ਗੁਰਬਾਣੀਆਂ ਦੀਆਂ ਪੰਗਤੀਆਂ 'ਬਾਣੀ ਗੁਰੂ, ਗੁਰੂ ਹੈ ਬਾਣੀ' ਅਤੇ "ਸਤਿਗੁਰ ਬਚਨ, ਬਚਨ ਹੈ ਸਤਿਗੁਰ' ਸੁਣਾਇਆ ਤੇ ਕਿਹਾ ਕਿ ਇਨ੍ਹਾਂ ਸਪਸ਼ਟ ਪਰਮਾਣਾਂ (ਗੁਰੂ ਹੁਕਮਾਂ) ਦੇ ਹੁੰਦਿਆਂ ਦੇਹਧਾਰੀ ਗੁਰੂ ਨੂੰ ਧਾਰਨ ਦੀ ਕੀ ਲੋੜ ਹੈ ?

ਉਹ ਸੱਜਨ ਉਤਰ ਵਿਚ ਇਨ੍ਹਾਂ ਪੰਗਤੀਆਂ ਦੇ ਅਰਥ ਇਸ ਤਰ੍ਹਾਂ ਕਰਨ ਲੱਗਾ ਕਿ ਇਕ ਬਾਣੀ ਅਤੇ ਦੂਜਾ ਦੇਹਧਾਰੀ ਗੁਰੂ ਚਾਹੀਦਾ ਹੈ ਜੋ ਪ੍ਰਤਖ ਦੇਹ ਵਾਲਾ ਹੋਵੇ ਅਤੇ ਫਿਰ ਜੋ ਦੇਹਧਾਰੀ ਗੁਰੂ ਇਹ ਬਾਣੀ ਆਖੇ ਅਤੇ ਸੇਵਕ ਜਨ ਮੰਨੇ ਤਾਂ ਨਿਸਤਾਰਾ ਹੁੰਦਾ ਹੈ। ਇਸ ਤਰ੍ਹਾਂ ਇਕ ਦੇਹਧਾਰੀ ਸਤਿਗੁਰ ਚਾਹੀਦਾ ਹੈ ਅਤੇ ਇਕ ਬਚਨ (ਬਾਣੀ) ਚਾਹੀਦੀ ਹੈ ਤਾਂ ਹੀ ਮੁਕਤੀ ਦਾ ਰਾਹ ਮਿਲਦਾ ਹੈ।

ਗੁਰਮੁਖ ਸੱਜਨ ਨੇ ਗੰਭੀਰਤਾ ਨਾਲ ਪੁੱਛਿਆ ਕਿ ਜਦ ਗੁਰੂ ਨਾਨਕ ਪਾਤਸ਼ਾਹ ਨੇ ਅਕਾਲਪੁਰਖ ਨੂੰ ਇਸੇ ਬਾਣੀ ਨਾਲ ਹੀ ਪਛਾਣਿਆ ਅਤੇ ਕੋਈ ਦੇਹਧਾਰੀ ਗੁਰੂ ਨਹੀਂ ਧਾਰਨ ਕੀਤਾ ਅਤੇ ਸਾਨੂੰ ਵੀ ਉਪਦੇਸ਼ ਦੇਂਦਿਆਂ ਕਿਹਾ ਹੈ :-

*ਭਨਤਿ ਨਾਨਕੁ ਕਰੇ ਵੀਚਾਰੁ ॥*

*ਸਾਚੀ ਬਾਣੀ ਸਿਉ ਧਰੇ ਪਿਆਰੁ ॥*

*ਤਾ ਕੋ ਪਾਵੈ ਮੋਖ ਦੁਆਰੁ ॥*

*ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥ (੬੬)*

ਅਰਥ : ਇਥੇ ਨਾਨਕ ਦੇ 'ਕਕੇ' ਅੱਖਰ ਨੂੰ ਔਂਕੜ ਲੱਗਾ ਹੋਇਆ ਹੈ । ਉਹ ਕਰਤਾ ਕਾਰਕ ਹੈ । ਅੰਗ੍ਰੇਜ਼ੀ ਵਿਚ (Nominative Case) ਕਹਿੰਦੇ ਹਨ । ਇਸ ਦਾ ਭਾਵ ਹੈ ਕਿ ਨਾਨਕ ਇਕ ਵਿਚਾਰ ਆਖਦਾ ਹੈ ਕਿ ਜਿਹੜਾ ਵੀ ਸਾਚੀ ਬਾਣੀ ਨਾਲ ਪਿਆਰ ਕਰੇਗਾ ਉਸ ਨੂੰ ਮੋਖ ਦੁਆਰਾ ਮਿਲ ਜਾਏਗਾ । ਇਹ 'ਸ਼ਬਦ (ਬਾਣੀ) ਹੀ ਸ੍ਰੇਸ਼ਟ ਹੈ । ਉਸ ਨੂੰ ਜੀਵਨ ਵਿਚ ਘਟਾਉ । ਇਹੀ ਜਪ ਤਪ ਹੈ । ਹੋਰ ਜਪ ਤਪ ਕੋਈ ਨਹੀਂ ।

ਗੁਰੂ ਸਾਹਿਬ ਪੰਨਾ ੬੩੫ ਉਤੇ ਲਿਖਦੇ ਹਨ :-

*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥*

*ਇਹ ਬਾਣੀ ਮਹਾਂਪੁਰਖ ਦੀ ਨਿਜ ਘਰਿ ਵਾਸਾ ਹੋਇ ॥*

ਅਰਥ : ਬਾਣੀ ਨੂੰ ਕੋਈ ਵਿਰਲਾ ਹੀ ਵਿਚਾਰੇਗਾ ਜਿਸ ਦਾ ਰੁਖ ਵਾਹਿਗੁਰੂ ਵਲ ਹੋਵੇਗਾ । ਇਹ ਬਾਣੀ ਵਡੇ ਪਰਮੇਸ਼ਰ ਜੀ ਦੀ ਹੈ ਤੇ ਨਿਜ ਘਰ ਵਾਸ ਦੇਂਦੀ ਹੈ ।

*ਸਾਚੀ ਬਾਣੀ ਮੀਠੀ ਅੰਮ੍ਰਿਤਧਾਰ*

*ਜਿਨਿ ਪੀਤੀ ਤਿਸੁ ਮੋਖ ਦੁਆਰ ॥ (੧੨੭੫)*

ਪੀਤੀ ਦਾ ਭਾਵ ਹੈ ਜਿਸ ਨੇ ਇਸ ਦੀ ਕਮਾਈ ਕੀਤੀ, ਇਸ ਨੂੰ ਜੀਵਨ ਵਿਚ ਘਟਾਇਆ । ਇਹ ਅਤੇ ਇਸ ਤਰ੍ਹਾਂ ਦੇ ਹੋਰ ਬਚਨ ਸੁਣ ਕੇ ਉਹ ਸੱਜਣ ਠੰਡਾ ਹੋ ਗਿਆ ।

## ਇਕ ਹੋਰ ਸੱਜਣ

ਇਕ ਹੋਰ ਸੱਜਣ ਬਾਣੀ ਦੀ ਪੰਗਤੀ :-

*ਘਰਿ ਮਹਿ ਘਰੁ ਦਿਖਾਇ ਦੇਇ*

*ਜ ਸਤਿਗੁਰ ਪੁਰਖ ਸੁਜਾਣੁ ॥*

ਸੁਣਾ ਕੇ ਕਹਿਣ ਲੱਗੇ ਕਿ ਇਹ ਮੈਂ ਮੰਨਦਾ ਹਾਂ ਕਿ ਗੁਰਬਾਣੀ ਰੱਬੀ-ਬਾਣੀ ਹੈ ਅਤੇ ਇਹ ਧੁਰ ਨਿਰੰਕਾਰ ਤੋਂ ਆਈ ਹੈ । ਪਰ ਬਾਣੀ ਆਪ੍ਰੂੰ ਅਨਹਦ ਸ਼ਬਦ ਦੀ ਪ੍ਰਾਪਤ ਨਹੀਂ ਕਰਾ ਸਕਦੀ ਅਨਹਦ ਸ਼ਬਦ ਸੁਣਨ ਲਈ ਦੇਹਧਾਰੀ ਗੁਰੂ ਦੀ ਲੋੜ ਹੈ ।

ਗੁਰਮੁਖ ਸੱਜਣ ਨੇ ਉਤਰ ਦੇਂਦਿਆਂ ਸਮਝਾਇਆ ਕਿ ਕਿਸੇ ਸ਼ਬਦ ਦੀਆਂ ਇਕ ਦੋ ਜਾਂ ਤਿੰਨ ਪੰਗਤੀਆਂ ਬੋਲ ਕੇ ਉਸ ਦੇ ਅਰਥ ਆਪਣੇ ਮਤਲਬ ਦੇ ਬਣਾ ਲੈਣੇ ਚੰਗੀ ਗਲ ਨਹੀਂ । ਨਾ ਹੀ ਕੋਈ ਸਿਆਣਪ ਹੈ । ਪੂਰੀ ਤੇ ਠੀਕ ਸਮਝ ਤਾਂ ਹੀ ਆਏਗੀ ਜੇ ਪੂਰਾ ਸ਼ਬਦ ਨਿਰਪੱਖ ਹੋ ਕੇ ਪੜੋਗੇ ਜਾਂ ਸੁਣੋਗੇ :-

ਉਪਰਲੀ ਪੰਗਤੀ ਜੋ ਤੁਸੀਂ ਪੜ੍ਹੀ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੨੯੧ ਉਤੇ ਦਰਜ ਹੈ । ਜੇ ਇਸੇ ਸ਼ਬਦ ਦੀ ਆਖ਼ਰੀ ਪੰਗਤੀ ਵੀ ਨਾਲ ਪੜ੍ਹ ਲਵੋ ਤਾਂ ਤੁਹਾਨੂੰ ਆਪ ਹੀ ਠੀਕ ਭਾਵ ਪਤਾ ਲੱਗ ਜਾਏਗਾ । ਆਖ਼ਰੀ ਪੰਗਤੀ ਇਸ ਤਰ੍ਹਾਂ ਹੈ :-

*ਸਬਦੁ ਖੋਜਿ ਇਹੁ ਘਰੁ ਲਹੈ*

*ਨਾਨਕ ਤਾ ਕਾ ਦਾਸੁ ॥*

ਭਾਵ : ਬਾਣੀ ਦੇ ਖੋਜਣ ਤੇ ਹੀ ਇਹ ਘਰ ਪ੍ਰਾਪਤ ਹੁੰਦਾ ਹੈ । ਖੋਜਣ ਦਾ ਮਤਲਬ ਇਹ ਨਹੀਂ ਕਿ ਦੇਹਧਾਰੀ ਗੁਰੂ ਧਾਰਨ ਕੀਤਾ ਜਾਏ ਸਗੋਂ ਇਹ ਹੈ ਕਿ ਬਾਣੀ ਵੀਚਾਰ ਨਾਲ ਸਮਝ ਕੇ ਪੜ੍ਹੇ ਅਤੇ ਉਸ ਅਨੁਸਾਰ ਆਪਣਾ ਜੀਵਨ ਢਾਲੇ । ਗੁਰੂ ਪਾਤਸ਼ਾਹ ਕਹਿੰਦੇ ਹਨ ਜੋ ਇਸ ਤਰ੍ਹਾਂ ਕਰਦਾ ਹੈ ਮੈਂ ਉਸ ਦਾ ਦਾਸ ਹਾਂ ।

## ਦੂਜੇ ਇਕ ਹੋਰ ਸੱਜਣ

ਦੂਜਾ ਇਕ ਹੋਰ ਸੱਜਣ ਕਹਿਣ ਲਗਾ ਕਿ ਬੀਮਾਰ ਨੂੰ ਜਦ ਤਕ ਮੌਕੇ ਤੇ

ਆ ਕੇ ਡਾਕਟਰ ਵੇਖੇ ਨਾ, ਦਵਾਈ ਤੇ ਨੁਸਖਾ ਤਜਵੀਜ਼ ਨਾ ਕਰੇ ਤਦ ਤਕ ਬੀਮਾਰ ਠੀਕ ਨਹੀਂ ਹੋ ਸਕਦਾ। ਭਾਵੇਂ ਬੀਮਾਰ ਕੋਲ ਸਾਰੀਆਂ ਦੁਆਈਆਂ ਪਈਆਂ ਹੋਣ। ਕਿਉਂਕਿ ਬੀਮਾਰ ਨੂੰ ਪਤਾ ਨਹੀਂ ਕਿ ਕਿਹੜੀ ਦੁਆਈ ਮੇਰੀ ਬੀਮਾਰੀ ਦੂਰ ਕਰੇਗੀ। ਇਸ ਲਈ ਡਾਕਟਰ ਦੇਹਧਾਰੀ ਗੁਰੂ ਦਾ ਹੋਣਾ ਜ਼ਰੂਰੀ ਹੈ।

ਉਤਰ ਵਿਚ ਉਸ ਗੁਰਮੁਖ ਨੇ ਸਮਝਾਉਂਦਿਆਂ ਕਿਹਾ ਕਿ ਇਹ ਠੀਕ ਹੈ ਕਿ ਮੌਕੇ ਦੇ ਡਾਕਟਰ ਦੇ ਅਤੇ ਬਿਨਾਂ ਬੀਮਾਰੀ ਸਮਝਣ ਦੇ ਬੀਮਾਰ ਦਾ ਰੋਗ ਦੂਰ ਨਹੀਂ ਹੁੰਦਾ। ਪਰ ਇਥੇ ਇਹ ਦ੍ਰਿਸ਼ਟਾਂਤ ਲਾਗੂ ਹੀ ਨਹੀਂ ਹੁੰਦਾ।

ਗੁਰੂ ਪਾਤਸ਼ਾਹ ਸਾਨੂੰ ਸਮਝਾਉਂਦੇ ਹੋਏ ਦਸਦੇ ਹਨ ਕਿ ਜਦ ਸਾਰੀ ਮਨੁਖਤਾ ਨੂੰ ਇਕੋ ਰੋਗ ਲਗਾ ਹੋਵੇ ਅਤੇ ਉਸ ਰੋਗ ਦਾ ਦਾਰੂ ਵੀ ਕੇਵਲ ਇਕੋ ਹੋਵੇ ਤੇ ਉਹ ਦਾਰੂ ਵੀ ਹਰ ਇਕ ਆਪੂੰ ਕਰ ਸਕਦਾ ਹੋਵੇ ਤਾਂ ਫਿਰ ਮੌਕੇ ਦਾ ਡਾਕਟਰ ਸਦਣ ਅਤੇ ਨੁਸਖਾ ਤਜਵੀਜ਼ ਕਰਨ ਦੀ ਲੋੜ ਹੀ ਨਹੀਂ ਰਹਿੰਦੀ। ਪ੍ਰਮਾਣ ਵਜੋਂ ਗੁਰਮੁਖ ਸੱਜਣ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੦੪ ਉਤੇ ਦਰਜ ਸ਼ਬਦ - *ਜੋ ਜੋ ਦੀਸੈ ਸੋ ਸੋ ਰੋਗੀ ॥* ਵਿਚਲੀ ਪੰਗਤੀ "ਹਉਮੈਂ ਰੋਗ ਮਾਨੁਖ ਕਉ ਦੀਨਾ" ਦਾ ਅਰਥ ਸਪਸ਼ਟ ਕੀਤਾ ਤੇ ਨਾਲ ਹੀ :-

*ਸੰਸਾਰ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚੁ ਬਿਨਾ ॥ (੬੮੧)*

ਅਤੇ ਹਉਮੈਂ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ ॥

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ (੪੬੬)*

ਭਾਵ : ਹਉਮੈਂ ਇਕ ਵੱਡਾ ਰੋਗ ਹੈ (ਜੋ ਸਭ ਮਨੁੱਖਾਂ ਨੂੰ ਚੰਬੜਿਆ ਹੋਇਆ ਹੈ) ਪਰ ਇਸ ਰੋਗ ਦਾ ਦਾਰੂ ਵੀ ਹੈ। ਇਹ ਨ ਦੂਰ ਹੋਣ ਵਾਲਾ ਰੋਗ ਨਹੀਂ। ਜਿਸ ਉਤੇ ਵਾਹਿਗੁਰੂ ਅਕਾਲਪੁਰਖ ਦੀ ਕਿਰਪਾ ਹੋ ਜਾਏ ਉਹ ਗੁਰ ਸ਼ਬਦ ਭਾਵ ਗੁਰਬਾਣੀ ਦੀ ਕਮਾਈ ਕਰਦਾ ਹੈ ਤੇ ਨਾਮ ਦਾਰੂ ਨਾਲ ਇਸ ਰੋਗ ਦੀ ਨਵਿਰਤੀ ਕਰ ਸਕਦਾ ਹੈ ਜਾਂ ਕਰ ਲੈਂਦਾ ਹੈ।

ਇਹ ਉਤਰ ਸੁਣ ਕੇ ਉਹ ਸੱਜਣ ਕੋਈ ਜਵਾਬ ਤਾਂ ਦੇ ਨਹੀਂ ਸਕੇ । ਪਰ ਇਹ ਕਹਿ ਕੇ ਤੁਰਦੇ ਬਣੇ ਕਿ 'ਮੰਨ ਨਹੀਂ ਮੰਨਦਾ' ।

ਅਸਲ ਵਿਚ ਜਿਨ੍ਹਾਂ ਦੀ ਸੁਰਤ ਇਨਾਂ ਆਪੂੰ ਬਣੇ ਦੇਹਧਾਰੀ ਗੁਰੂਆਂ ਦੇ ਹੇਠਾਂ ਦੁਬੇਲ ਹੋਈ ਹੁੰਦੀ ਹੈ ਅਤੇ ਉਨਾਂ ਕੋਲੋਂ ਗੁਰਬਾਣੀ ਦੇ ਤਰੋੜ ਮਰੋੜ ਕੇ ਕੀਤੇ ਅਰਥ ਸੁਣ-ਸੁਣ ਕੇ ਉਨ੍ਹਾਂ ਦੇ ਪ੍ਰਭਾਵ ਹੇਠਾਂ ਆਏ ਹੋਣ ਕਾਰਨ ਉਨਾਂ ਲਈ ਨਿਰਪੱਖ ਹੋ ਕੇ ਸੋਚਣਾ - ਵੀਚਾਰਨਾ ਅਸੰਭਵ ਤਾਂ ਨਹੀਂ ਕਹਿ ਸਕਦੇ ਪਰ ਮੁਸ਼ਕਲ ਬਹੁਤ ਹੋ ਜਾਂਦਾ ਹੈ । ਹਠ ਧਰਮੀ ਹੋ ਜਾਣ ਕਾਰਨ ਉਹ ਛੇਤੀ ਛੇਤੀ ਨਹੀਂ ਮੰਨਦੇ । ਖ਼ੈਰ ਇਹ ਆਪੋ ਆਪਣੇ ਕਰਮਾਂ ਦੀ ਵੀ ਗੱਲ ਹੈ ।...

## ਸਾਡਾ ਫ਼ਰਜ਼

ਸ਼ਬਦ ਗੁਰੂ 'ਸ੍ਰੀ ਗੁਰੁ ਗਰੰਥ ਸਾਹਿਬ' ਦੇ ਸਿੱਖਾਂ ਦਾ ਫ਼ਰਜ਼ ਹੈ ਕਿ ਜਿਥੇ ਉਹ ਆਪ ਇਨ੍ਹਾਂ ਗੱਲਾਂ ਨੂੰ ਸਮਝਣ ਉਥੇ ਦੇਹਧਾਰੀ ਗੁਰੂ ਅਖਵਾਉਣ ਵਾਲਿਆਂ ਦੇ ਭੁਲੇਖੇ ਤੋਂ ਆਪ ਬਚਣ ਅਤੇ ਹੋਰ ਭੋਲੇ ਭਾਲੇ ਵੀਰਾਂ ਭੈਣਾਂ ਨੂੰ ਬਚਾਉਣ ਲਈ ਉਪਰਾਲਾਂ ਕਰਨ ਦਾ ਪਰਉਪਕਾਰ ਕਰਨ ਅਤੇ ਪੁੰਨ ਕਮਾਉਂਦਿਆਂ ਇਹ ਜ਼ਰੂਰ ਕਰਨ :-

੧. ਸ੍ਰੀ ਗੁਰੂ ਗਰੰਥ ਸਾਹਿਬ ਦਾ ਗੁਰਗੱਦੀ ਪੁਰਬ ਵੱਡੀ ਪੱਧਰ ਤੇ ਹਰ ਪਿੰਡ ਸ਼ਹਿਰ ਮਨਾਇਆ ਜਾਏ । ਇਸ ਵਿਚ ਬਾਣੀ ਰੂਪ ਸ੍ਰੀ ਗੁਰੂ ਗਰੰਥ ਸਾਹਿਬ ਦੀ ਮਹਾਨਤਾ ਮਹੱਤਤਾ - ਗੁਰਬਾਣੀ ਦੇ ਕੀਰਤਨ - ਕਥਾ ਅਤੇ ਵਿਦਵਾਨਾਂ ਦੇ ਲੈਕਚਰਾਂ ਰਾਹੀਂ ਦਰਸਾਈ ਜਾਏ ।

੨. ਦੇਹਧਾਰੀ ਗੁਰੂਆਂ ਦੇ ਪਖੰਡ ਜਾਲ ਨੂੰ ਦਲੀਲਾਂ ਰਾਹੀਂ, ਵਖਿਆਣਾ ਦੁਆਰਾ ਅਤੇ ਲਿਖਤੀ ਰੂਪ ਵਿਚ ਖੰਡਨ ਕੀਤਾ ਜਾਏ । ਅਤੇ ਅਸਲੀਅਤ ਬਾਰੇ ਸੰਗਤਾਂ ਨੂੰ ਜਾਣਕਾਰੀ ਦਿਤੀ ਜਾਵੇ ।

੩. ਗੁਰਬਾਣੀ ਅਨੁਸਾਰ ਜੀਵਨ ਬਿਤਾਉਣਾ ਗੁਰੂ ਦਾ ਹੁਕਮ ਮੰਨਣਾ ਹੈ । ਸੋ

ਸਾਡਾ ਸਾਰਿਆਂ ਦਾ ਫ਼ਰਜ਼ ਹੈ ਕਿ ਆਪੋ ਆਪਣੀ ਥਾਂ ਵੇਖੀਏ ਕਿ ਅਸੀਂ ਹਾਲਾਂ ਤਕ ਗੁਰੂ ਸਾਹਿਬ ਦੇ ਕਿਹੜੇ ਕਿਹੜੇ ਹੁਕਮ ਨਹੀਂ ਮੰਨ ਰਹੇ ? ਉਨ੍ਹਾਂ ਨੂੰ ਮੰਨਣ ਦਾ ਉਪਰਾਲਾ ਕਰੀਏ ।

੪. ਗੁਰੂ ਸਾਹਿਬ ਦਾ ਸਭ ਤੋਂ ਵਧ ਸਤਿਕਾਰ ਜਿੱਥੇ ਗੁਰੂ ਸਾਹਿਬ ਦੇ ਕਹੇ ਬਚਨਾਂ ਬਨੁਸਾਰ ਚਲਣਾ ਹੈ ਉਥੇ ਸਾਡਾ ਫ਼ਰਜ਼ ਹੈ ਕਿ ਇਸ "ਪਰਗਟ ਗੁਰਾਂ ਕੀ ਦੇਹ" ਦਾ ਸਤਿਕਾਰ ਇਸ ਤਰ੍ਹਾਂ ਵੀ ਕਰੀਏ

(ੳ) ਦੀਵਾਨ ਦੀ ਸਮਾਪਤੀ ਸਮੇਂ ਪਹਿਲੋਂ ਸੁਖਆਸਨ ਕਰਕੇ ਮਹਾਰਾਜ ਦੀ ਸਵਾਰੀ ਨੂੰ ਨਿੱਜੀ ਅਸਥਾਨ ਤੇ ਪਹੁੰਚਾਇਆ ਜਾਏ । ਫਿਰ ਸੰਗਤ ਆਪਣੇ ਘਰਾਂ ਜਾਂ ਕੰਮਾਂ ਕਾਜਾਂ ਨੂੰ ਜਾਏ । ਮਹਾਰਾਜ ਦੀ ਸਵਾਰੀ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਵਧ ਤੋਂ ਵਧ ਸਿੰਘਾਂ ਦਾ ਨਾਲ ਹੋਣਾ ਚਾਹੀਦਾ ਹੈ ਅਤੇ ਰਸਤੇ ਨੂੰ ਪਹਿਲਾਂ ਹੀ ਸਾਫ ਕਰਾਇਆ ਜਾਣਾ ਚਾਹੀਦਾ ਹੈ । ਤੇ ਪਾਣੀ ਦਾ ਛਿੜਕਾਓ ਖੁਲ੍ਹਾ ਹੋਣਾ ਚਾਹੀਦਾ ਹੈ ।

(ਅ) ਮੰਜੀ ਸਾਹਿਬ ਦੇ ਪਾਵੇ ਦਬਾਉਣ, ਜਾਂ ਪਾਵਿਆਂ ਨਾਲ ਰੱਖੜੀਆਂ ਬਨ੍ਹਣੀਆਂ ਮਨਮਤ ਹੈ । ਕੇਵਲ ਰੁਮਾਲਾ ਚੁੱਕ ਕੇ ਦਰਸ਼ਨ ਕਰਨਾ ਵੀ ਠੀਕ ਨਹੀਂ ਕਿਉਂਕਿ ਅਸਲ ਦਰਸ਼ਨ ਤਾਂ ਬਾਣੀ ਪੜ੍ਹਨੀ, ਸੁਣਨੀ ਤੇ ਮੰਨਣੀ ਹੈ ।

(ੲ) ਸਿਖ ਧਰਮ, ਮੂਰਤੀ ਦਾ ਪੁਜਾਰੀ ਨਹੀਂ ਇਸ ਲਈ ਗੁਰੂ ਸਾਹਿਬ ਦੀਆਂ ਕਲਪਤ ਫੋਟੂਆਂ ਨੂੰ ਨਮਸਕਾਰ ਕਰਨੀ, ਧੂਪ ਦੇਣਾ ਜਾਂ ਫੋਟੂਆਂ ਵਾਲੇ ਰੁਮਾਲੇ ਚੜ੍ਹਾਉਣੇ ਸਾਨੂੰ ਅਸਲੀਅਤ ਤੋਂ ਦੂਰ ਲਿਜਾਂਦੇ ਹਨ । ਸਾਨੂੰ ਭਾਈ ਗੁਰਦਾਸ ਜੀ ਦਾ ਹੇਠ ਲਿਖਿਆ ਕਥਨ ਆਪ ਚੇਤੇ ਰਖ ਕੇ ਦੂਸਰਿਆਂ ਨੂੰ ਯਾਦ ਕਰਾਉਂਦੇ ਰਹਿਣਾ ਚਾਹੀਦਾ ਹੈ ਕਿ-

'ਗੁਰ ਮੂਰਤਿ, ਗੁਰ ਸ਼ਬਦ ਹੈ'

(ਇਸ ਬਾਰੇ ਟ੍ਰੈਕਟ ਨੰ : ੪੦ 'ਗੁਰ ਤਸਵੀਰਾਂ' ਕਈ ਵਾਰ ਛਪ ਚੁੱਕਾ ਹੈ ।)